Punjab Government Gazette
EXTRAORDINARY
Published by Authority

CHANDIGARH, WEDNESDAY, MARCH 25, 2026 (CHAITRA 4, 1948 SAKA)

GOVERNMENT OF PUNJAB
DEPARTMENT OF HOUSING AND URBAN DEVELOPMENT
(HOUSING -1 BRANCH)
NOTIFICATION
The 24th March, 2026

No.H-U-H1/96/2025-6H1/601.-Whereas, land acquisition proceedings in respect of acquiring land required for development of Aero City Expansion Project namely Aerotropolis Pocket-G in village Kurdi in the area of Tehsil Mohali, District Sahibzada Ajit Singh Nagar per drawing No. DTP, S.A.S Nagar 2280/2016 dated 05.12.2016 were initiated by publishing a Social Impact Assessment Notification under section 4 of the "Right to Fair Compensation and Transparency in Land Acquisition, Rehabilitation and Resettlement Act, 2013" on 30.09.2025.

Whereas, Department of Housing and Urban Development had constituted multi-disciplinary Expert group for the appraisal of Social Impact Assessment Report submitted by Punjab Agricultural University, Ludhiana. The Expert Group opined that the Aerotropolis Pocket –G will serve public purpose and the extent of land proposed to be acquired is absolute bare-minimum. Further, the potential benefits outweigh the social costs and adverse social impacts.

Whereas, Preliminary Notification u/s 11 of the ibid Act was notified vide no. H-U-H1/96/2025-6HG1/I/1261558/25 dated 09.12.2025 and published in Punjab Govt. Gazette on 10.12.2025 and in two daily newspapers namely as The Tribune (English version) dated 10.12.2025 and Rozana Ajit (Punjabi version) dated 10.12.2025. The substance of this notification was got entered in the Office of District collector, Sahibzada Ajit Singh Nagar as per Rapat No.112 (Village Kurdi dated 19.12.2025) of the Roznamcha Waqiati of the respective Patwar Circles falling in the Tehsil Mohali , District Sahibzada Ajit Singh Nagar. This notification was also uploaded on the website of GMADA, Sahibzada Ajit Singh Nagar on 10.12.2025.

Whereas, Governor of Punjab is satisfied that the land specified below is needed by the Government at public expenses for public purpose of setting up of Aerotropolis Pocket-G in Village Kurdi Tehsil Mohali, District Sahibzada Ajit Singh Nagar. In this connection, based on the census survey of affected families, a Rehabilitation and Resettlement Scheme was prepared as per provisions of Section 16 of the said Act, by the Additional Deputy Commissioner Cum Administrator, Rehabilitation which has been reviewed by the Collector as per provisions of Section 17 of the Act.

Whereas, Commissioner, Rehabilitation and Resettlement has approved the R&R Scheme on 06.03.2026 and forwarded the said report to be made available to the Public and uploaded on the website of Punjab Government as per section 18 of the said Act. The summary of Rehabilitation and Resettlement Scheme is prepared based on field survey and objection received during public hearing which includes:-

1. Choice of annuity/onetime payment at the lump sum rate of Rs. 5,00,000/- to each affected family, Resettlement Allowance of Rs. 50,000/- only to the family whose the livelihood is affected.
2. The Stamp duty and the other fees payable for registration of land or house allotted to the affected family, if any, shall be borne by the requiring body.
3. Contiguous houses constructed along Phirni of the village will not be acquired.
4. Government assigned plots (5 Marla plot) will be released from acquisition.
5. Loss of livelihood of farm labourers will be compensated as per Schedule II of the RFCTLARR Act, 2013.
6. Residential houses constructed in the agricultural field will be given plots in the developed sector as per relocation policy of Government of Punjab 2014.
7. Land for which CLU (Change of land use) has been granted shall be exempted after verification from District Town Planner (DTP).
8. Besides above, the plan also contains scheme to map affected family's skill and education competency and the gap also identified to be filled by suitable training modules. Thus the affected family members will get their skill or education recapitalized so that they will get gainful employment.

This declaration is made under the provisions of Section 19 of "*The Right to Fair Compensation and Transparency in Land Acquisition, Rehabilitation and Resettlement Act. 2013"* and under the provisions of Section 21 of "the Act ibid", public notice is made to whom it may concern, that the Government intends to take possession of the land. That the claims to compensation and Rehabilitation and Resettlement for all interest in such land along with their objections, if any, to the measurement made under Section 20, be made to the Land Acquisition Collector Urban Development, PUDA Bhawan (Sector 62), SahibzadaAjit Singh Nagar within 30 days from the date of publication of this notice.

Village Kurdi Tehsil Mohali, District Sahibzada Ajit Singh Nagar is hereby declared as *"Resettlement area"* for this project. Plan of the land may be inspected in the office of the Land Acquisition Collector, Urban Development, Ground Floor, PUDA Bhawan, Sector-62, Sahibzada Ajit Singh Nagar.

Detail of the land is as under:

SPECIFICATION OF LOCALITY						
District	**Tehsil**	**Village**	**Hadbast No.**	**Khasra No.**	**Area to be acquired**	
					Bigha-Biswa	
1	**2**	**3**	**4**	**5**	**6**	
Sahibzada Ajit Singh Nagar	**Mohali**	**Kurdi**	**273**	210 min	8	11
				Total	**8**	**11**

Summary of Land Area			
Sl No.	**Village Name**	**Area**	
		B-B	**(in acres)**
1	Kurdi	8-11	1.7813
		Total	**1.7813**

Sd/-

VIKAS GARG

Prinicpal Secretary, Govt. of Punjab

Department of Housing and Urban Development

Chandigarh

The 24th March, 2026

ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ 1 ਸ਼ਾਖਾ)

ਅਧਿਸੂਚਨਾ

ਮਿਤੀ 24 ਮਾਰਚ, 2026

ਨੰ:H-U-H1/96/2025-6H1/601.- ਜਿਵੇਂ ਕਿ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਡਰਾਇੰਗ ਨੰਬਰ 2280/16 ਮਿਤੀ 05.12.2016 ਰਾਹੀਂ ਪ੍ਰਵਾਨਤ ਮਾਸਟਰ ਪਲਾਨ ਵਿੱਚ ਪੈਂਦੇ ਪਿੰਡ ਕੁਰੜੀ ਤਹਿਸੀਲ ਮੋਹਾਲੀ ਜਿਲ੍ਹਾ ਐਸ.ਏ.ਐਸ. ਨਗਰ ਦੀ ਜਗ੍ਹਾ ਐਰੋਸਿਟੀ ਦੇ ਵਿਸਥਾਰ ਲਈ ਐਰੋਟ੍ਰੋਪੋਲਿਸ ਪਾਕਿਟ ਜੀ ਲਈ ਲੋਕ ਹਿੱਤ ਵਿੱਚ ਭੋਂ ਪ੍ਰਾਪਤੀ ਐਕਟ, 2013 ਤਹਿਤ ਐਕੁਆਇਰ ਕਰਨ ਦੀ ਪ੍ਰੀਕ੍ਰਿਆ ਉਕਤ ਐਕਟ ਦੀ ਧਾਰਾ 4 ਤਹਿਤ ਸਮਾਜਿਕ ਪ੍ਰਭਾਵ ਮੁਲਾਂਕਣ ਦੀ ਨੋਟੀਫਿਕੇਸ਼ਨ ਮਿਤੀ 30.09.2025 ਨੂੰ ਜਾਰੀ ਕਰਕੇ ਆਰੰਭ ਕੀਤੀ ਗਈ ਸੀ।

ਜਿਵੇਂ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਪੇਸ਼ ਕੀਤੀ ਗਈ ਸਮਾਜਿਕ ਪ੍ਰਭਾਵ ਮੁਲਾਂਕਣ ਰਿਪੋਰਟ ਸਬੰਧੀ ਯੋਗ ਸਿਫਾਰਿਸ਼ਾਂ ਪੇਸ਼ ਕਰਨ ਹਿੱਤ ਭੋਂ ਪ੍ਰਾਪਤੀ ਐਕਟ, 2013 ਤਹਿਤ ਮਾਹਿਰ ਗਰੁੱਪ ਗਠਿਤ ਕੀਤਾ ਗਿਆ। ਇਸ ਸਬੰਧ ਵਿੱਚ ਮਾਹਿਰ ਗਰੁੱਪ ਵੱਲੋਂ ਆਪਣੀਆਂ ਸਿਫਾਰਿਸ਼ਾਂ ਪੇਸ਼ ਕੀਤੀਆਂ ਗਈਆਂ ਹਨ ਜਿਸ ਅਨੁਸਾਰ ਐਰੋਟ੍ਰੋਪੋਲਿਸ ਪਾਕਿਟ ਜੀ ਲਈ ਪਿੰਡ ਕੁਰੜੀ ਦੀ ਐਕੁਆਇਰ ਕੀਤੀ ਜਾ ਰਹੀ ਭੋਂ ਲੋਕ ਹਿੱਤ ਵਿੱਚ ਹੈ ਅਤੇ ਪ੍ਰੋਜੈਕਟ ਤਹਿਤ ਐਕੁਆਇਰ ਕੀਤੀ ਜਾ ਰਹੀ ਭੋਂ ਘੱਟੋ-ਘੱਟ ਹੈ। ਇਸ ਤੋਂ ਇਲਾਵਾ ਪ੍ਰੋਜੈਕਟ ਦੀ ਸਮਾਜਿਕ ਲਾਗਤ ਅਤੇ ਮਾੜੇ ਪ੍ਰਭਾਵਾਂ ਨਾਲੋਂ ਇਸਦੇ ਲਾਭ ਵਧੇਰੇ ਹਨ।

ਉਕਤ ਐਕਟ ਦੀ ਧਾਰਾ 11 ਅਧੀਨ ਮੁੱਢਲੀ ਨੋਟੀਫਿਕੇਸ਼ਨ ਨੋਟੀਫਿਕੇਸ਼ਨ ਨੰਬਰ H-U-H1/96/2025-6HG1/I/1261558/25 ਮਿਤੀ 09.12.2025 ਰਾਹੀਂ ਅਧਿਸੂਚਿਤ ਹੋਈ ਜੋ ਕਿ ਪੰਜਾਬ ਦੇ ਸਰਕਾਰੀ ਗਜਟ ਵਿੱਚ ਮਿਤੀ 10.12.2025 ਨੂੰ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਤੋਂ ਇਲਾਵਾ ਮਿਤੀ 10.12.2025 ਨੂੰ ਦਾ ਟ੍ਰਿਬਿਊਨ (ਅੰਗਰੇਜੀ ਭਾਸ਼ਾ) ਅਤੇ ਰੋਜਾਨਾ ਅਜੀਤ (ਪੰਜਾਬੀ ਭਾਸ਼ਾ) ਵਿੱਚ ਪ੍ਰਕਾਸ਼ਿਤ ਹੋਈ ਹੈ। ਇਸ ਨੋਟੀਫਿਕੇਸ਼ਨ ਦੇ ਸਾਰ ਨੂੰ ਦਫਤਰ ਡਿਪਟੀ ਕਮਿਸ਼ਨਰ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਤਹਿਸੀਲ ਮੋਹਾਲੀ, ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੇ ਸਬੰਧਤ ਪਟਵਾਰ ਸਰਕਲਾਂ ਵੱਲੋਂ ਰਪਟ ਰੋਜਨਾਮਚੇ ਵਿੱਚ ਰਪਟ ਨੰਬਰ 112 (ਪਿੰਡ ਕੁਰੜੀ ਮਿਤੀ 19.12.2025) ਰਾਹੀਂ ਦਰਜ ਕਰਵਾਇਆ ਗਿਆ ਹੈ। ਇਹ ਨੋਟੀਫਿਕੇਸ਼ਨ ਮਿਤੀ 10.12.2025 ਨੂੰ ਗਮਾਡਾ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।

ਜਦੋਂ ਕਿ ਪੰਜਾਬ ਦੇ ਰਾਜਪਾਲ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਪਿੰਡ ਕੁਰੜੀ ਤਹਿਸੀਲ ਮੋਹਾਲੀ ਜਿਲ੍ਹਾ ਐਸ.ਏ.ਐਸ. ਨਗਰ ਵਿਖੇ ਐਰੋਟ੍ਰੋਪੋਲਿਸ ਪਾਕਿਟ ਜੀ ਸਥਾਪਿਤ ਕਰਨ ਲਈ ਉਕਤ ਪਿੰਡ ਦੀ ਜਗ੍ਹਾ ਸਰਕਾਰ ਨੂੰ ਜਨਤਕ ਖਰਚੇ ਤੇ ਜਨਤਕ ਮੰਤਵ ਲਈ ਲੋੜੀਂਦੇ ਹਨ। ਇਸ ਸਕੀਮ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬਾ ਅਤੇ ਮੁੜ ਸਥਾਪਨਾ ਦੀ ਸਕੀਮ ਦੇ ਲਾਭ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਕਮ ਐਡਮਿਨਿਸਟ੍ਰੇਟਰ ਆਰ.ਐਂਡ.ਆਰ (ਰੀਹੈਬਲੀਟੇਸ਼ਨ ਅਤੇ ਰੀਸੈਟਲਮੈਂਟ) ਰਾਹੀਂ ਧਾਰਾ 16 ਅਧੀਨ ਤਿਆਰ ਕੀਤੀ ਗਈ ਹੈ। ਜਿਸ ਸਬੰਧੀ ਧਾਰਾ 17 ਅਧੀਨ ਕੁਲੈਕਟਰ ਵੱਲ ਸਮੀਖਿਆ ਕੀਤੀ ਜਾ ਚੁੱਕੀ ਹੈ।

ਕਮਿਸ਼ਨਰ ਮੁੜ ਵਸੇਬਾ ਅਤੇ ਮੁੜ ਸਥਾਪਨਾ ਵੱਲੋਂ ਆਰ.ਐਂਡ.ਆਰ ਨੂੰ ਮਿਤੀ 06.03.2026 ਨੂੰ ਮੰਜੂਰੀ ਦੇ ਦਿੱਤੀ ਗਈ ਹੈ ਅਤੇ ਉਕਤ ਰਿਪੋਰਟ ਨੂੰ ਲੋਕਾਂ ਲਈ ਉਪਲਬੱਧ ਕਰਵਾਉਂਣ ਅਤੇ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਸਬੰਧਤ ਐਕਟ ਦੀ ਧਾਰਾ 18 ਅਨੁਸਾਰ ਭੇਜ਼ ਦਿੱਤਾ ਗਿਆ ਹੈ। ਪੁਨਰਵਾਸ ਅਤੇ ਪੁਨਰਸਥਾਪਨਾ ਸਕੀਮ ਦਾ ਸੰਖੇਪ ਖੇਤਰੀ ਸਰਵੇਖਣ ਅਤੇ ਜਨ ਸੁਣਵਾਈ ਦੌਰਾਨ ਪ੍ਰਾਪਤ ਇਤਰਾਜਾਂ ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਹੇਠ ਦਰਸਾਏ ਮਾਮਲੇ ਸ਼ਾਮਿਲ ਹਨ:-

1. ਸਾਲਾਨਾ ਭੁਗਤਾਨ ਦੀ ਥਾਂ ਯਕਮੁਸ਼ਤ ਰਕਮ ਦੇ ਰੂਪ ਵਿੱਚ ਹਰੇਕ ਪ੍ਰਭਾਵਿਤ ਪਰਿਵਾਰ ਨੂੰ 50,000/- ਰੁਪਏ ਦੀ ਰਕਮ ਦੇਣ ਦਾ ਵਿਕਲਪ ਅਤੇ ਜੀਵਿਕਾ ਪ੍ਰਭਾਵਿਤ ਹੋਣ ਵਾਲੇ ਪਰਿਵਾਰ ਨੂੰ ਹੀ 50,000/— ਰੁਪਏ ਦੀ ਪੁਨਰਵਸਤੀ ਭੱਤਾ ਰਕਮ ਦਿੱਤੀ ਜਾਵੇਗੀ।

2. ਪ੍ਰਭਾਵਿਤ ਪਰਿਵਾਰ ਨੂੰ ਅਲਾਟ ਕੀਤੀ ਜਾਣ ਵਾਲੀ ਜਮੀਨ ਜਾਂ ਮਕਾਨ ਦੀ ਰਜਿਸਟਰੀ ਕਰਵਾਉਂਣ ਸਮੇਂ ਲਾਗੂ ਸਟੈਂਪ ਡਿਊਟੀ ਅਤੇ ਹੋਰ ਫੀਸਾਂ ਜੇਕਰ ਕੋਈ ਹੈ ਤਾਂ ਐਕਵਾਈਰਿੰਗ ਸੰਸਥਾ ਵਲੋਂ ਭਰੀਆਂ ਜਾਣਗੀਆਂ।

3. ਪਿੰਡ ਦੀ ਫਿਰਨੀ ਦੇ ਨਾਲ ਲੱਗਦੀ ਜਮੀਨ ਅਤੇ ਬਣੇ ਹੋਏ ਰਿਹਾਇਸ਼ੀ ਘਰਾਂ ਦੀ ਜ਼ਮੀਨ ਭੌਂ ਪ੍ਰਾਪਤੀ ਵਿੱਚ ਸ਼ਾਮਿਲ ਨਹੀਂ ਕੀਤੀ ਜਾਵੇਗੀ।

4. ਸਰਕਾਰ ਵੱਲੋਂ ਅਲਾਟ ਕੀਤੇ ਪਲਾਟ (5 ਮਰਲਾ ਪਲਾਟ) ਨੂੰ ਭੌਂ ਪ੍ਰਾਪਤੀ ਤੋਂ ਬਾਹਰ ਰੱਖਿਆ ਜਾਵੇਗਾ।

5. ਖੇਤਰੀਬਾੜੀ ਮਜ਼ਦੂਰਾਂ ਦੀ ਜੀਵਿਕਾ ਦੇ ਨੁਕਸਾਨ ਲਈ ਮੁਆਵਜਾਂ ਭੌਂ ਪ੍ਰਾਪਤੀ ਐਕਟ, 2013 ਦੇ ਸ਼ਡਿਊਲ–II ਅਨੁਸਾਰ ਦਿੱਤਾ ਜਾਵੇਗਾ।

6. ਖੇਤੀਬਾੜੀ ਖੇਤਰ ਵਿੱਚ ਬਣੇ ਰਿਹਾਇਸ਼ੀ ਮਕਾਨਾਂ ਨੂੰ ਪੰਜਾਬ ਸਰਕਾਰ ਦੀ 2014 ਦੀ ਰੀਲੋਕੇਸ਼ਨ ਪਾਲਿਸੀ ਤਹਿਤ ਵਿਕਸਿਤ ਸੈਕਟਰ ਵਿੱਚ ਪਲਾਟ ਦਿੱਤੇ ਜਾਣਗੇ।

7. ਜਿਹੜੀ ਜ਼ਮੀਨ ਦਾ ਭੌਂ ਵਰਤੋਂ ਤਬਦੀਲੀ (ਸੀ.ਐਲ.ਯੂ) ਜਾਰੀ ਕੀਤਾ ਗਿਆ ਹੋਵੇ ਉਸਨੂੰ ਜਿਲ੍ਹਾ ਨਗਰ ਯੋਜਨਾਕਾਰ ਪਾਸੋਂ ਤਸਦੀਕ ਕਰਵਾਉਂਣ ਉਪਰੰਤ ਭੌਂ ਪ੍ਰਾਪਤੀ ਵਿੱਚੋਂ ਛੱਡ ਦਿੱਤਾ ਜਾਵੇਗਾ।

8. ਉਪਰੋਕਤ ਤੋਂ ਇਲਾਵਾ, ਇਸ ਯੋਜਨਾ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਹੁਨਰਾਂ ਅਤੇ ਸਿੱਖਿਆ ਦੀ ਯੋਗਤਾ ਦੀ ਮੈਪਿੰਗ ਕਰਨ ਅਤੇ ਘਾਟਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਯੋਗ ਟ੍ਰੇਨਿਗ ਮਾਡਿਊਲਾਂ ਰਾਹੀਂ ਪੂਰਾ ਕਰਨ ਦੀ ਵੀ ਵਿਵਸਥਾ ਸ਼ਾਮਿਲ ਹੈ, ਤਾਂ ਜ਼ੋ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਰੁਜ਼ਗਾਰ ਪ੍ਰਾਪਤ ਹੋ ਸਕੇ।

ਇਹ ਘੋਸ਼ਣਾ "ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੂਜੀਸ਼ਨ, ਰੀਹੈਬਲੀਟੇਸ਼ਨ, ਰੀਸੈਟਲਮੈਂਟ ਐਕਟ 2013" ਦੇ ਸੈਕਸ਼ਨ 19 ਤਹਿਤ ਕੀਤੀ ਜਾਂਦੀ ਹੈ। ਇਸ ਐਕਟ ਦੀ ਧਾਰਾ 21 ਤਹਿਤ ਸਬੰਧਤਾਂ ਨੂੰ ਜਨਤਕ ਨੋਟਿਸ ਦਿੱਤਾ ਜਾਂਦਾ ਹੈ ਕਿ ਸਰਕਾਰ ਜਮੀਨ ਦਾ ਕਬਜਾ ਲੈਣਾ ਚਾਹੁੰਦੀ ਹੈ। ਜੇਕਰ ਧਾਰਾ 20 ਤਹਿਤ ਕੀਤੀ ਗਈ ਪੈਮਾਇਸ਼ ਅਤੇ ਮੁਆਵਜੇ ਸਬੰਧੀ ਜੇਕਰ ਕੋਈ ਇਤਰਾਜ ਦਿੱਤਾ ਜਾਣਾ ਹੈ ਤਾਂ ਭੌਂ ਮਾਲਕ ਜਾਂ ਇਸ ਭੌਂ ਨਾਲ ਸਬੰਧਤ ਬਿਨੈਕਾਰ ਆਪਣਾ ਇਤਰਾਜ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ, ਪੁੱਡਾ ਭਵਨ (ਸੈਕਟਰ 62), ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ 30 ਦਿਨਾਂ ਦੇ ਅੰਦਰ ਅੰਦਰ ਇਸ ਨੋਟੀਫਿਕੇਸ਼ਨ ਦੇ ਪ੍ਰਕਾਸ਼ਿਤ ਹੋਣ ਉਪਰੰਤ ਲਿਖਤੀ ਦਾਇਰ ਕਰ ਸਕਦਾ ਹੈ।

ਪਿੰਡ ਕੁਰੜੀ ਤਹਿਸੀਲ ਮੋਹਾਲੀ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਇਸ ਪ੍ਰਜੈਕਟ ਅਧੀਨ ਰੀਸੈਟਲਮੈਂਟ ਘੋਸ਼ਿਤ ਕੀਤੇ ਜਾਂਦੇ ਹਨ। ਇਸ ਜਮੀਨ ਦਾ ਨਕਸ਼ਾ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਗਰਾਊਂਡ ਫਲੋਰ, ਪੁੱਡਾ ਭਵਨ (ਸੈਕਟਰ 62), ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਵੇਖਿਆ ਜਾ ਸਕਦਾ ਹੈ।

ਪ੍ਰਾਪਤ ਕੀਤੀ ਜਾਣ ਵਾਲੀ ਭੌਂ ਦਾ ਵੇਰਵਾ

ਜਿਲ੍ਹਾ	ਤਹਿਸੀਲ	ਪਿੰਡ	ਹਦਬੱਸਤ ਨੰਬਰ	ਖਸਰਾ ਨੰਬਰ	ਐਕੁਆਇਰ ਕੀਤਾ ਜਾਣ ਵਾਲਾ ਰਕਬਾ ਬਿੱਘਾ – ਬਿਸਵਾ	
1	2	3	4	5	6	
ਸਾਹਿਬਜਾਦਾ ਅਜੀਤ ਸਿੰਘ ਨਗਰ	ਮੋਹਾਲੀ	ਕੁਰੜੀ	273	210 ਮਿੰਨ	8	11
				ਕੁੱਲ	8	11

ਭੌਂ ਦਾ ਵੇਰਵਾ			
ਲੜੀ ਨੰ:	ਪਿੰਡ ਦਾ ਨਾਮ	ਰਕਬਾ	
		ਬ – ਬ	(ਰਕਬਾ ਏਕੜਾਂ ਵਿੱਚ)
1	ਕੁਰੜੀ	8-11	1.7813
		ਕੁੱਲ ਜੋੜ	1.7813

ਸਹੀ/-

ਵਿਕਾਸ ਗਰਗ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਚੰਡੀਗੜ੍ਹ

ਮਿਤੀ 24 ਮਾਰਚ 2026

3673/3-2026/Pb. Govt. Press, S.A.S. Nagar